# OFFICE OF DISTRICT MAGISTRATE, AMRITSAR

## ਹੁਕਮ

ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ ਵੱਲੋਂ ਪੱਤਰ ਨੰਬਰ 7/56/2021/2ਐਚ4/1457 ਮਿਤੀ: ਚੰਡੀਗੜ੍ਹ, 20 ਮਾਰਚ, 2021 ਰਾਹੀ ਪ੍ਰਾਪਤ ਹੋਈਆਂ ਹਦਾਇਤਾਂ ਦੀ ਪਾਲਣਾ ਹਿੱਤ ਹੇਠ ਲਿਖੇ ਅਨੁਸਾਰ ਹੁਕਮ ਕੀਤੇ ਜਾਂਦੇ ਹਨ:-

ਜਿਨ੍ਹਾਂ ਲੋਕਾਂ ਦੀ ਕੋਵਿਡ-19 ਕਾਰਨ ਮੌਤ ਹੋਈ ਹੈ ਉਹਨਾਂ ਨੂੰ ਸ਼ਰਧਾਂਜਲੀ ਦੇਣ ਲਈ ਹਰੇਕ ਸ਼ਨੀਵਾਰ 27 ਮਾਰਚ 2021 ਤੋਂ ਸ਼ੁਰੂ ਕਰਕੇ ਸਵੇਰੇ 11.00 ਵਜੇ ਤੋਂ ਦੁਪਹਿਰ 12.00 ਵਜੇ ਤੱਕ 1 ਘੰਟੇ ਦਾ ਮੌਨ ਰੱਖਿਆ ਜਾਵੇਗਾ ਅਤੇ ਉਸ ਸਮੇਂ ਦੌਰਾਨ ਸੜਕਾਂ ਤੇ ਆਵਾਜਾਈ ਦੀ ਪਾਬੰਦੀ ਹੋਵੇਗੀ।

ਸਟੇਟ ਅਤੇ ਨੈਸ਼ਨਲ ਹਾਈਵੇ ਦੀ ਆਵਜਾਈ ਤੇ ਇਹ ਹੁਕਮ ਲਾਗੂ ਨਹੀ ਹੋਣਗੇ।

ਐਮਰਜੈਂਸੀ ਸੇਵਾਵਾਂ, ਜ਼ਰੂਰੀ ਸੇਵਾਵਾਂ ਦੀ ਸਪਲਾਈ ਨਾਲ ਸੰਬੰਧਤ ਆਵਜਾਈ ਤੇ ਇਹ ਹੁਕਮ ਲਾਗੂ ਨਹੀਂ ਹੋਣਗੇ।

ਜਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

ਪਿਠ ਅੰਕਣ ਨੰ: ਐਮ.ਏ-19/5358-69 ਮਿਤੀ 26.3.21

ਇਸਦਾ ਉਤਾਰਾ :-

1. ਕਮਿਸ਼ਨਰ ਆਫ ਪੁਲਿਸ, ਅੰਮ੍ਰਿਤਸਰ ਅਤੇ ਸੀਨੀਅਰ ਪੁਲਿਸ ਕਪਤਾਨ, ਅੰਮ੍ਰਿਤਸਰ (ਦਿਹਾਤੀ) ਅਤੇ ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਅੰਮ੍ਰਿਤਸਰ ਇਹ ਹੁਕਮ ਲਾਗੂ ਕਰਵਾਉਣਾ ਯਕੀਨੀ ਬਣਾਉਣਗੇ ਅਤੇ ਆਪਣੇ-ਆਪਣੇ ਖੇਤਰਾਂ ਵਿੱਚ ਆਮ ਨਾਗਰਿਕਾਂ ਨੂੰ ਸੂਚਿਤ ਕਰਨ ਲਈ ਸਾਈਰਨ ਆਦਿ ਦਾ ਪ੍ਰਬੰਧ ਕਰਵਾਉਣਾ ਯਕੀਨੀ ਬਣਵਾਉਣਗੇ।
2. ਕਮਿਸ਼ਨਰ ਨਗਰ ਨਿਗਮ, ਅੰਮ੍ਰਿਤਸਰ ਸ਼ਹਿਰ ਵਿੱਚ ਸਾਈਰਨ ਵਜਵਾ ਕੇ ਸਵੇਰੇ ਸਮਾਂ 10.58 ਵਜੇ ਮੌਨ ਸ਼ੁਰੂ ਹੋਣ ਸਬੰਧੀ ਸ਼ਹਿਰ ਵਾਸੀਆਂ ਨੂੰ ਸੂਚਿਤ ਕਰਵਾਉਣਾ ਯਕੀਨੀ ਬਣਾਉਣਗੇ ਅਤੇ ਸਮਾਂ ਦੁਪਹਿਰ 12.00 ਵਜੇ ਵੀ ਸਾਈਰਨ ਵਜਵਾ ਕੇ ਮੌਨ ਖਤਮ ਹੋਣ ਸਬੰਧੀ ਸ਼ਹਿਰ ਵਾਸੀਆਂ ਨੂੰ ਸੂਚਿਤ ਕੀਤਾ ਜਾਵੇਗਾ।
3. ਅਫਸਰ ਇੰਨ-ਚਾਰਜ ਸਿਵਲ ਡਿਫੈਂਸ, ਸਿਵਲ ਡਿਫੈਂਸ ਦੇ ਵਲੰਟੀਅਰਾਂ ਰਾਹੀਂ ਅਤੇ ਸਾਈਰਨ ਵਜਵਾ ਕੇ ਸ਼ਹਿਰ ਵਾਸੀਆਂ ਨੂੰ ਇਸ ਸਬੰਧੀ ਸੂਚਿਤ ਕਰਵਾਉਣਾ ਯਕੀਨੀ ਬਣਾਉਣਗੇ
4. ਜ਼ਿਲ੍ਹਾ ਸਮਾਜਿਕ ਅਤੇ ਸੁਰੱਖਿਆ ਅਫਸਰ, ਅੰਮ੍ਰਿਤਸਰ ਸ਼ਹਿਰ ਦੇ ਐਨ.ਜੀ.ਓਜ਼. ਰਾਹੀਂ ਆਮ ਨਾਗਰਿਕਾਂ ਨੂੰ ਇਸ ਸਬੰਧੀ ਸਹਿਯੋਗ ਕਰਨ ਲਈ ਪ੍ਰੇਰਿਤ ਕਰਵਾਉਣਾ ਯਕੀਨੀ ਬਣਾਉਣਗੇ।
5. ਜਿਲ੍ਹਾ ਲੋਕ ਸੰਪਰਕ ਅਫਸਰ, ਅੰਮ੍ਰਿਤਸਰ ਇਸ ਸਬੰਧੀ ਸ਼ਹਿਰ ਵਿੱਚ ਪ੍ਰਮੁੱਖ ਥਾਵਾਂ ਤੇ ਬੈਨਰ ਲਗਵਾਉਣਗੇ ਅਤੇ ਸਮੂਹ ਪ੍ਰਿੰਟ/ਇਲੈਕਟ੍ਰੋਨਿਕ, ਕੇਬਲ ਨੈਟਵਰਕ, ਐਫ.ਐਮ ਰੇਡੀਓ ਰਾਹੀ ਪ੍ਰਚਾਰ ਕਰਵਾਉਣਾ ਯਕੀਨੀ ਬਣਾਉਣਗੇ।
6. ਜ਼ਿਲ੍ਹਾ ਸੂਚਨਾ ਅਫਸਰ, ਅੰਮ੍ਰਿਤਸਰ ਨੂੰ ਜ਼ਿਲੇ ਦੀ ਵੈਬਸਾਈਟ ਤੇ ਅੱਪਲੋਡ ਕਰਨ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

Scanned with CamScanner